3

# ਆਖ਼ਰੀ ਤਿਆਰੀ

## (1:1-11)

ਹਾਲੀਵੁੱਡ ਵਿਚ ਫ਼ਿਲਮਾਂ ਬਣਾਉਣ ਵਾਲੇ ਇਕ ਮਸ਼ਹੂਰ ਆਦਮੀ ਨੇ ਕਿਹਾ ਹੈ ਕਿ ਫ਼ਿਲਮ ਦੀ ਸ਼ੁਰੂਆਤ ਧਮਾਕੇ ਨਾਲ ਹੋ ਕੇ ਉਸ ਨੂੰ ਚਰਮ ਤਕ ਪਹੁੰਚਣਾ ਚਾਹੀਦਾ ਹੈ। ਓਸੇ ਕਸੌਟੀ ਦੀ ਵਰਤੋਂ ਕਰਦਿਆਂ, ਰਸੂਲਾਂ ਦੇ ਕੰਮ ਦੇ ਅਧਿਆਇ 2 ਦਾ, ਜਿਸ ਵਿਚ ਪਵਿੱਤਰ ਆਤਮਾ ਅੱਗ ਵਰਗੀਆਂ ਜੀਭਾਂ ਅਤੇ ਬੜੇ ਜ਼ੋਰ ਦੀ ਹਨ੍ਹੇਰੀ ਦੀ ਅਵਾਜ਼ ਨਾਲ ਉੱਤਰਿਆ, ਇਕ ਬਹੁਤ ਵੱਡੀ ਸ਼ੁਰੂਆਤ ਰਹੀ ਹੋਵੇਗੀ! ਪਰ 1 ਅਧਿਆਇ, ਸ਼ੋਰ ਅਤੇ ਜੋਸ਼ ਨਾਲ ਸ਼ੁਰੂ ਹੋਣ ਦੇ ਉਲਟ ਬੜੇ ਸਹਿਜੇ ਨਾਲ ਸ਼ੁਰੂ ਹੁੰਦਾ ਹੈ। ਇਹ ਅਧਿਆਇ ਯਿਸੂ ਵੱਲੋਂ ਆਪਣੇ ਰਸੂਲਾਂ ਨਾਲ ਗੱਲ ਕਰਨ ਵਿਚ ਸ਼ੁਰੂ ਹੋ ਕੇ ਖ਼ਾਸ ਕੰਮ ਲਈ ਬੁਲਾਈ ਸਭਾ ਨਾਲ ਮੁੱਕਦਾ ਹੈ। ਆਮ ਤੌਰ ਤੇ ਅਜਿਹੀਆਂ ਸਭਾਵਾਂ ਨੀਂਦ ਦਵਾਉਣ ਵਾਲੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਵਿਚ ਕੋਈ ਉਤਸ਼ਾਹ ਨਹੀਂ ਮਿਲਦਾ।

ਰਸੂਲਾਂ ਦੇ ਕੰਮ ਦੀ ਸ਼ੁਰੂਆਤ ਇੰਜ ਕਿਉਂ ਹੁੰਦੀ ਹੈ? ਇਹਦਾ ਕਾਰਣ ਹੈ: ਉਸ ਮਹਾਨ ਦਿਨ ਲਈ ਜਿਸ ਨੂੰ ਰਸੂਲਾਂ ਦੇ ਕੰਮ 2 ਅਧਿਆਇ ਵਿਚ ਵਿਖਾਇਆ ਗਿਆ ਹੈ *ਤਿਆਰੀ* ਦੀ ਲੋੜ ਹੈ। ਖ਼ੁਦਾ ਅਨਾਦੀ ਕਾਲ ਤੋਂ ਰਸੂਲਾਂ ਦੇ ਕੰਮ 2 ਅਧਿਆਇ ਲਈ ਤਿਆਰੀ ਕਰ ਰਿਹਾ ਸੀ (ਅਫ਼ਸੀਆਂ 3:10, 11) ਪਰ ਹੁਣ ਆਖ਼ਰੀ ਤਿਆਰੀਆਂ ਦਾ ਵਕਤ ਸੀ। ਖ਼ਾਸ ਕਰਕੇ ਇਹ ਸਮਾਂ ਰਸੂਲਾਂ ਲਈ ਆਖ਼ਰੀ ਤਿਆਰੀ ਦਾ ਸੀ।

ਇਸ ਅਧਿਆਇ ਵਿਚ ਸਾਨੂੰ ਬਹੁਤ ਸਾਰੀਆਂ ਸਿੱਖਿਆਵਾਂ ਦਿੱਤੀਆਂ ਗਈਆਂ ਹਨ। ਖ਼ਾਸ ਕਰਕੇ ਸਾਡੇ ਲਈ ਇਹ ਸਿੱਖਣਾ ਜ਼ਰੂਰੀ ਹੈ ਕਿ ਪ੍ਰਮੇਸ਼ਵਰ ਦਾ ਕੰਮ ਕਰਨ ਲਈ ਲੋੜੀਂਦੀ ਤਿਆਰੀ ਦੀ ਅਹਿਮੀਅਤ ਹੈ।

### ਇਕ ਸਮੀਖਿਆ ਦਿੱਤੀ ਗਈ (1:1-5)

ਲੂਕਾ ਨੇ ਰਸੂਲਾਂ ਦੇ ਕੰਮ ਦੀ ਕਿਤਾਬ ਆਪਣੇ ਪਾਠਕ ਨੂੰ ਇਹ ਯਾਦ ਦਵਾਉਂਦਿਆਂ ਲਿਖਣੀ ਸ਼ੁਰੂ ਕੀਤੀ: ''ਹੇ ਥਿਉਫ਼ਿਲੁਸ, ਮੈਂ ਉਹ ਪਹਿਲੀ ਪੋਥੀ ਉਨ੍ਹਾਂ ਸਾਰੀਆਂ ਗੱਲਾਂ ਦੇ ਵਿਖੇ ਉਚਰੀ ਜਿਹੜੀਆਂ ਯਿਸੂ[1] ਕਰਨ ਅਤੇ ਸਿਖਾਉਣ[2] ਲੱਗਾ। ਉਸ ਦਿਨ ਤੀਕ ਕਿ ਉਹ ... ਉਤਾਹਾਂ ਉਠਾ ਲਿਆ ਗਿਆ'' (ਆਇਤਾਂ 1, 2)। ''ਪਹਿਲੀ ਪੋਥੀ'' ਲੂਕਾ ਦੀ ਇੰਜੀਲ ਨੂੰ ਕਿਹਾ ਗਿਆ ਹੈ। ਲੂਕਾ ਨੇ ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਆਪਣੀ ''ਪਹਿਲੀ ਪੋਥੀ'' ਨੂੰ ਯਾਦ ਦਵਾਇਆ ਹੈ, ਇਸ ਲਈ ਜ਼ਰੂਰ ਹੀ ਲੂਕਾ ਨੂੰ ਉਮੀਦ ਹੋਵੇਗੀ ਕਿ ਉਹਦੇ ਪਾਠਕ ਉਹਦੇ ਰਾਹੀਂ ਲਿਖੀ ਇੰਜੀਲ ਦੀ ਕਿਤਾਬ ਤੋਂ, ਖ਼ਾਸ ਕਰਕੇ ਉਹਦੇ ਆਖ਼ਰੀ ਅਧਿਆਵਾਂ ਤੋਂ ਵਾਕਫ਼ ਹਨ।